# ਇਹੁ ਹਮਾਰਾ ਜੀਵਣਾ

## 26.4.97 ਲੋਕ ਸ਼ਕਤੀ ਦੇ ਰਾਹ 'ਤੇ

ਗੁਰਸ਼ਰਨ ਸਿੰਘ

20-21 ਅਪ੍ਰੈਲ ਮੈਨੂੰ 5 ਸਮਾਗਮਾਂ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ, ਜੋ ਮੈਂ ਸਮਝਦਾ ਹਾਂ ਦੇਸ਼ ਜਾਂ ਪੰਜਾਬ ਦੇ ਸੱਭਿਆਚਾਰਕ, ਸਮਾਜਿਕ ਅਤੇ ਰਾਜਸੀ ਮੁੱਦਿਆਂ ਨੂੰ ਉਭਾਰਦੇ ਹਨ।

20 ਅਪ੍ਰੈਲ ਟੀਚਰਜ਼ ਹੋਮ ਬਠਿੰਡਾ ਵਿਚ ਹੇਮ ਜਿਓਤੀ ਸਾਹਿਤਕ ਮੈਗਜ਼ੀਨ ਦੀ ਸਮਾਜ ਨੂੰ ਦੇਣ ਬਾਰੇ ਇਕ ਗੋਸ਼ਟੀ ਸੀ। ਇਸ ਦਾ ਆਯੋਜਨ ਬਠਿੰਡਾ ਦੀ ਪਲਸ ਮੰਚ ਦੀ ਇਕਾਈ ਵੱਲੋਂ ਕੀਤਾ ਗਿਆ ਸੀ। ਗੋਸ਼ਟੀ ਦਰਮਿਆਨ ਇਹ ਗੱਲ ਸਪਸ਼ਟ ਰੂਪ ਵਿਚ ਸਾਹਮਣੇ ਆਈ ਕਿ ਸੱਤਰਵੇਂ ਦੇ ਆਲੇ-ਦੁਆਲੇ ਪੰਜਾਬੀ ਸਾਹਿਤ ਵਿਚ ਜੋ ਪ੍ਰਯੋਗਵਾਦ ਦੇ ਨਾਂ 'ਤੇ ਰੁਝਾਨ ਆਏ ਸਨ, ਉਸ ਦੇ ਵਿਰੁੱਧ ਹੇਮ ਜਿਓਤੀ ਨੇ ਇਕ ਸਿਧਾਂਤਕ ਪਲੇਟਫਾਰਮ ਮੁਹੱਈਆ ਕੀਤਾ। ਅੱਜ ਲੋਕ-ਪੱਖੀ ਸਾਹਿਤ ਉੱਤੇ ਨਵ-ਮਾਰਕਸਵਾਦ ਦੇ ਨਾਂ ਉੱਤੇ ਇਕ ਹਮਲਾ ਹੋ ਰਿਹਾ ਹੈ। ਲੋਕਾਂ ਦੇ ਹਿੱਤ ਵਿਚ ਲਿਖੇ ਜਾਣ ਵਾਲੇ ਸਾਹਿਤ ਨੂੰ ਛੁਟਿਆਇਆ ਜਾ ਰਿਹਾ ਹੈ। ਹੇਮ ਜਿਓਤੀ ਵਰਗੇ ਮੈਗਜ਼ੀਨ ਦੀ ਲੋੜ ਹੈ, ਜੋ ਇਸ ਰੁਝਾਨ ਦੇ ਵਿਰੁੱਧ ਇਕ ਸਿਧਾਂਤਕ ਲੜਾਈ ਦਾ ਬਿੰਦੂ ਬਣੇ ਅਤੇ ਲੇਖਕਾਂ ਨੂੰ ਲੋਕਾਂ ਦੇ ਹਿੱਤ ਵਿਚ ਲਿਖਣ ਲਈ ਪ੍ਰੇਰਨਾ ਦੇਵੇ।

ਦੂਜਾ ਸਮਾਗਮ ਬਠਿੰਡਾ ਸ਼ਹਿਰ ਦੀ ਲਾਈਨੋਂ ਪਾਰ ਇਕ ਬਸਤੀ ਵਿਚ ਨੌਜਵਾਨਾਂ ਵੱਲੋਂ ਆਯੋਜਿਤ ਕੀਤਾ ਗਿਆ। ਬਸਤੀ ਦੇ ਕੁੱਝ ਸੂਝਵਾਨ ਨੌਜਵਾਨਾਂ ਨੇ ਬਜ਼ੁਰਗਾਂ ਦੇ ਸਹਿਯੋਗ ਨਾਲ ਇਕ ਅੰਦੋਲਨ ਸ਼ੁਰੂ ਕੀਤਾ ਹੈ, ਜਿਸ ਦਾ ਮੁੱਖ ਨਿਸ਼ਾਨਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣਾ ਅਤੇ ਜਿਹੜਾ ਗਰੀਬ ਦੁਸ਼ਮਣ ਵਰਤਾਰਾ ਚੱਲ ਰਿਹਾ ਹੈ, ਉਹਦੇ ਬਾਰੇ ਚੇਤੰਨ ਕਰਨਾ ਹੈ। ਬਸਤੀ ਵਿਚ ਖੁੱਲ੍ਹਣ ਵਾਲੇ ਸ਼ਰਾਬ ਦੇ ਠੇਕੇ ਨੂੰ ਉਨ੍ਹਾਂ ਨੇ ਆਪਣੀ ਮਿਲਵੀਂ ਤਾਕਤ ਨਾਲ ਬੰਦ ਕਰਵਾਇਆ ਹੈ। ਇਹ ਸਮਾਗਮ ਇਕ ਚੇਤਨਾ ਰੈਲੀ ਦੇ ਰੂਪ ਵਿਚ ਸੀ। ਵੱਖ-ਵੱਖ ਬੁਲਾਰਿਆਂ, ਜਿਨ੍ਹਾਂ ਵਿਚ ਇਸਤਰੀ ਸੰਸਥਾਵਾਂ ਦੀਆਂ ਇਸਤਰੀਆਂ ਵੀ ਸ਼ਾਮਲ ਸਨ, ਨੇ ਬਸਤੀ ਅਤੇ ਸਮੁੱਚੇ ਸਮਾਜ ਨੂੰ ਦਰਪੇਸ਼ ਸਮੱਸਿਆ ਉੱਤੇ ਚਾਨਣਾ ਪਾਇਆ ਅਤੇ ਸਮਾਜ ਦੁਸ਼ਮਣ ਅਨਸਰਾਂ ਦੀ ਨਿਸ਼ਾਨਦੇਹੀ ਕੀਤੀ। ਤਿੰਨ ਨਾਟਕ ਵੀ ਹੋਏ। ਵੱਡੀ ਗਿਣਤੀ ਵਿਚ ਬਸਤੀ ਦੇ ਲੋਕਾਂ, ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਔਰਤਾਂ ਵੀ ਸ਼ਾਮਲ ਸਨ, ਨੇ ਇਸ ਰੈਲੀ ਦੀ ਮਹੱਤਤਾ ਨੂੰ ਸਾਬਤ ਕੀਤਾ। ਇਕ ਜਮਹੂਰੀ ਚੇਤਨਾ ਦੀ ਲਹਿਰ ਆਪਣੀ ਹੀ ਪਹਿਲਕਦਮੀ ਨਾਲ ਪਿੰਡਾਂ ਅਤੇ ਸ਼ਹਿਰਾਂ ਦੀਆਂ ਬਸਤੀਆਂ ਵਿਚ ਉੱਠ ਰਹੀ ਹੈ। ਇਸ ਦਾ ਨੋਟਿਸ ਲੈਣਾ ਅਤੇ ਇਸ ਨੂੰ ਇਕ ਜਥੇਬੰਦਕ ਰੂਪ ਦੇਣਾ ਅੱਜ ਲੋਕ ਜਮਹੂਰੀ ਲਹਿਰ ਦਾ ਵੱਡਾ ਫ਼ਰਜ਼ ਹੈ।

ਤੀਜਾ ਸਮਾਗਮ ਮਲੋਟ ਦੀ ਇਕ ਧਾਗਾ ਮਿੱਲ ਦੇ ਮਜ਼ਦੂਰਾਂ ਵੱਲੋਂ ਲੈਨਿਨ ਦੇ ਜਨਮ ਦਿਨ ਦੇ ਸਬੰਧ ਵਿਚ ਸੀ। ਇਹ ਸਮਾਗਮ ਮਜ਼ਦੂਰ ਬਸਤੀ ਵਿਚ ਸੀ, ਜਿੱਥੇ ਬਹੁਤੇ ਪਰਵਾਸੀ ਮਜ਼ਦੂਰ ਹੀ ਰਹਿੰਦੇ ਹਨ। ਮਿੱਲ ਵਿਚ ਔਰਤਾਂ ਵੀ ਵੱਡੀ ਗਿਣਤੀ ਵਿਚ ਕੰਮ ਕਰਦੀਆਂ ਹਨ। ਜਿਨ੍ਹਾਂ ਹਾਲਤਾਂ ਵਿਚ ਇਹ ਮਜ਼ਦੂਰ ਇਸ ਬਸਤੀ ਵਿਚ ਰਹਿੰਦੇ ਹਨ, ਉਹ ਨਰਕ ਹੀ ਕਿਹਾ ਜਾ ਸਕਦਾ ਹੈ। ਜੀਣ ਦੀਆਂ ਜ਼ਰੂਰਤਾਂ ਵਾਸਤੇ ਕਿਸੇ ਕਿਸਮ ਦੀ ਸਹੂਲਤ ਉੱਥੇ ਮੁਹੱਈਆ ਨਹੀਂ। ਇਨ੍ਹਾਂ ਮਜ਼ਦੂਰਾਂ ਨੇ ਲੈਨਿਨ ਨੂੰ ਯਾਦ ਕੀਤਾ, ਕਿਉਂਕਿ ਇਨ੍ਹਾਂ ਨੂੰ ਲੈਨਿਨ ਦੇ ਇਨਕਲਾਬੀ ਸਿਧਾਂਤ ਦੀ ਸਭ ਤੋਂ ਵੱਡੀ ਲੋੜ ਹੈ। ਜਿਸ ਵੇਲੇ ਇਹ ਸਮਾਗਮ ਹੋ ਰਿਹਾ ਸੀ, ਉਸ ਵੇਲੇ ਦਿੱਲੀ ਵਿਚ ਨਵੀਂ ਸਰਕਾਰ ਹੋਂਦ ਵਿਚ ਆ ਰਹੀ ਸੀ। ਸਰਕਾਰ ਦੇ ਕਈ ਏਜੰਡੇ ਹੋ ਸਕਦੇ ਹਨ, ਪਰ ਸਭ ਤੋਂ ਵੱਡਾ ਏਜੰਡਾ ਤਾਂ ਇਕੋ ਇਹ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਕਰੋੜਾਂ ਨੂੰ ਅੱਜ ਜਿਊਣ ਦੀਆਂ ਸਹੂਲਤਾਂ ਕਿਸ ਤਰ੍ਹਾਂ ਮੁਹੱਈਆ ਕਰਨੀਆਂ ਹਨ। ਰੂਸ ਦੇ ਢਹਿ-ਢੇਰੀ ਹੋ ਜਾਣ ਦੇ ਬਾਵਜੂਦ ਮਜ਼ਦੂਰਾਂ ਦਾ ਲੈਨਿਨ ਨੂੰ ਯਾਦ ਰੱਖਣਾ ਇਨਕਲਾਬ ਦੇ ਮੁਦੱਈਆਂ ਲਈ ਇਕ ਸ਼ੁਭ ਗੱਲ ਹੈ।

ਚੌਥਾ ਸਮਾਗਮ ਅਗਲੇ ਦਿਨ ਗੁਰਦਾਸਪੁਰ ਵਿਚ ਕਹਾਣੀਕਾਰ ਸੁਜਾਨ ਸਿੰਘ ਹੁਰਾਂ ਦੀ ਯਾਦ ਵਿਚ ਉਨ੍ਹਾਂ ਦੀ ਬਰਸੀ 'ਤੇ ਸੀ। ਗੁਰਦਾਸਪੁਰ ਅਤੇ ਆਲੇ-ਦੁਆਲੇ ਦੇ ਬੁੱਧੀਜੀਵੀ ਇਸ ਸਮਾਗਮ 'ਤੇ ਆਏ ਹੋਏ ਸਨ। ਪ੍ਰਸਿੱਧ ਚਿੱਤਰਕਾਰ ਅਤੇ ਕਵੀ ਬੀਬਾ ਬਲਵੰਤ ਵੱਲੋਂ ਬਣਾਏ ਸੁਜਾਨ ਸਿੰਘ ਹੁਰਾਂ ਦੇ ਇਕ ਚਿੱਤਰ ਉੱਤੋਂ ਪਰਦਾ ਉਠਾਇਆ ਗਿਆ। ਇਹ ਇਕ ਬਹੁਤ ਹੀ ਪ੍ਰਭਾਵਸ਼ਾਲੀ ਚਿੱਤਰ ਹੈ। ਪੰਜਾਬੀ ਦੇ ਇਸ ਮੋਢੀ ਤੇ ਲੋਕ-ਪੱਖੀ ਕਹਾਣੀਕਾਰ ਨੂੰ ਸਮਾਗਮ ਵਿਚ ਯਾਦ ਵੀ ਕੀਤਾ ਗਿਆ ਤੇ ਨਾਟਕਾਂ ਰਾਹੀਂ ਸ਼ਰਧਾਂਜਲੀ ਵੀ ਦਿੱਤੀ ਗਈ। ਪਹਿਲੀ ਰਾਤ ਲੈਨਿਨ ਨੂੰ ਯਾਦ ਕੀਤਾ ਤੇ ਦੂਜੇ ਦਿਨ ਉਸ ਲੇਖਕ ਨੂੰ ਯਾਦ ਕੀਤਾ ਜੋ ਆਪਣੇ ਆਪ ਨੂੰ ਹਮੇਸ਼ਾ ਲੈਨਿਨ ਦੇ ਪੈਰੋਕਾਰ ਤੇ ਬਾਲਸ਼ਵਿਕ ਸਿਪਾਹੀ ਕਹਿੰਦੇ ਸਨ, ਚੰਗਾ ਲੱਗਾ। ਗੁਰਦਾਸਪੁਰ ਦੀ ਜਮਹੂਰੀ ਅਧਿਕਾਰ ਸਭਾ ਨੇ ਇਹ ਸਮਾਗਮ ਹਰ ਸਾਲ ਕਰਵਾਉਣ ਦੀ ਜ਼ਿੰਮੇਵਾਰੀ ਆਪਣੇ ਉੱਤੇ ਲਈ ਹੈ। ਲੋੜ ਹੈ ਕਿ ਇਸ ਦਰਵੇਸ਼ ਤਬੀਅਤ ਦੇ ਮਹਾਨ ਲੇਖਕ ਦੀ ਯਾਦ ਵੱਡੇ ਸਾਹਿਤਕ ਮੇਲੇ ਦੇ ਰੂਪ ਵਿਚ ਮਨਾਈ ਜਾਵੇ।

21 ਦੀ ਰਾਤ ਅੰਮ੍ਰਿਤਸਰ ਵਿਖੇ ਕਾਰਪੋਰੇਸ਼ਨ ਚੋਣਾਂ ਦੇ ਸਿਲਸਿਲੇ ਵਿਚ ਦਰਮਿਆਨੇ ਅਤੇ ਮਜ਼ਦੂਰ ਲੋਕਾਂ ਦੀ ਬਸਤੀ ਦੇ ਇਕ ਜਲਸੇ ਵਿਚ ਨਾਟਕ ਕਰਨ ਦਾ ਮੌਕਾ ਮਿਲਿਆ। ਪਿਛਲੇ ਸਾਲਾਂ ਵਿਚ ਅੰਮ੍ਰਿਤਸਰ ਸ਼ਹਿਰ ਨੂੰ ਸੁੰਦਰ ਬਣਾਉਣ ਦੀਆਂ ਕਈ ਯੋਜਨਾਵਾਂ ਬਾਰੇ ਪੜ੍ਹਨ ਨੂੰ ਮਿਲਦਾ ਰਿਹਾ ਹੈ, ਪਰ ਇਹ ਸਾਫ਼ ਹੈ ਕਿ ਭਾਵੇਂ ਰੱਜੇ-ਪੁੱਜੇ ਲੋਕਾਂ ਦੀਆਂ ਕਲੋਨੀਆਂ ਵਿਚ ਫੁਹਾਰੇ ਵੀ ਲੱਗ ਗਏ ਹਨ, ਪਾਰਕ ਵੀ ਬਣ ਗਏ ਹਨ ਪਰ ਮਜ਼ਦੂਰ ਬਸਤੀਆਂ 'ਚ ਨਰਕ ਉਸੇ ਤਰ੍ਹਾਂ ਕਾਇਮ ਹੈ। ਕਾਰਪੋਰੇਸ਼ਨ ਚੋਣਾਂ ਵਿਚ ਹੁਣ ਇਹ ਮੁੱਦਾ ਬੜੀ ਸ਼ਿੱਦਤ ਨਾਲ ਉਠਾਇਆ ਜਾ ਰਿਹਾ ਹੈ ਕਿ ਕੁੱਲ ਬਜਟ ਦਾ ਵੱਡਾ ਹਿੱਸਾ ਗਰੀਬ ਬਸਤੀਆਂ ਦੀ ਹਾਲਤ ਨੂੰ ਸੁਧਾਰਨ ਲਈ ਲਗਾਇਆ ਜਾਏ। ਕੋਹੜ ਉੱਤੋਂ-ਉੱਤੋਂ ਲਿੰਬਾ-ਪੋਚੀ ਨਾਲ ਨਹੀਂ ਲੁਕਾਇਆ ਜਾ ਸਕਦਾ।

ਇਹ ਦੋ ਦਿਨ ਦੇ ਤਜਰਬੇ ਪਾਠਕਾਂ ਨਾਲ ਇਸ ਲਈ ਸਾਂਝੇ ਕੀਤੇ ਜਾ ਰਹੇ ਹਨ ਕਿ ਜਮਹੂਰੀ ਲਹਿਰ ਨੂੰ ਦਰਪੇਸ਼ ਮੁੱਦਿਆਂ ਦੀ ਨਿਸ਼ਾਨਦੇਹੀ ਕੀਤੀ ਜਾ ਸਕੇ ਤੇ ਵਿਉਂਤਬੰਦ ਤਰੀਕੇ ਨਾਲ ਸੱਭਿਆਚਾਰਕ, ਸਮਾਜਿਕ ਅਤੇ ਰਾਜਸੀ ਗਤੀਵਿਧੀਆਂ ਕਰਕੇ ਲੋਕ ਮੁਕਤੀ ਦੇ ਕਾਰਜ ਨੂੰ ਸੰਪੂਰਨਤਾ ਵੱਲ ਲਿਜਾਇਆ ਜਾਏ।

26-4-1997